## *ਮਾਰੂਤੀ ਸਜ਼ੂਕੀ ਲਿਮਟਿਡ ਵੱਲੋਂ ਪਲੇਸਮੈਂਟ ਕੈਂਪ ਸਰਕਾਰੀ ਆਈ.ਟੀ.ਆਈ. ਪੱਟੀ ਵਿਖੇ 12 ਅਗਸਤ ਨੂੰ-ਜਿਲ੍ਹਾ ਸਿੱਖਿਆ ਅਫਸਰ*

ਤਰਨ ਤਾਰਨ, 9 ਅਗਸਤ :

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਤਰਨਤਾਰਨ ਸ. ਨਿਰਮਲ ਸਿੰਘ ਨੇ ਦੱਸਿਆ ਕਿ ਮਾਰੂਤੀ ਸਜ਼ੂਕੀ ਇੰਡੀਆ ਲਿਮਟਿਡ ਵੱਲੋਂ ਪਲੇਸਮੈਂਟ ਕੈਪ ਸਰਕਾਰੀ ਆਈ.ਟੀ.ਆਈ. ਪੱਟੀ ਵਿਖੇ ਮਿਤੀ 12 ਅਗਸਤ 2017 ਸ਼ਨੀਵਾਰ ਨੂੰ ਸਵੇਰੇ 9 ਵਜੇ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਿਲ੍ਹੇ ਦੇ ਸਾਰੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ 18 ਤੋਂ 21 ਸਾਲ ਦੇ ਦਸਵੀਂ ਅਤੇ ਬਾਰਵੀਂ ਪਾਸ ਵਿਦਿਆਰਥੀਆਂ ਦਾ ਵੱਧ ਤੋਂ ਵੱਧ ਇਸ ਪਲੇਸਮੈਂਟ ਕੈਪ ਵਿਚ ਸ਼ਾਮਿਲ ਹੋਣਾ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਪ ਵਿਚ ਆਈ.ਟੀ.ਆਈ. ਪਾਸ ਨੌਜਵਾਨ ਵੀ ਹਿੱਸਾ ਲੈਣਗੇ।ਜਿਸ ਵਿਚ ਇਲੈਕਟ੍ਰੀਸ਼ਨ, ਫਿੱਟਰ, ਮੋਟਰ ਮਕੈਨਿਕ, ਪੇਟਰ, ਵੈਲਡਰ, ਟਰਨਰ,ਡੀਜਲ ਮਕੈਨਿਕ, ਟੂਲ ਐਂਡ ਡਾਈ ਮੇਕਰ ਟਰੇਡ ਦੇ ਪਾਸ ਨੌਜਵਾਨ ਭਾਗ ਲੈ ਸਕਦੇ ਹਨ।ਜਿਨ੍ਹਾਂ ਦੀ ਚੋਣ ਹੋਣ ਤੋਂ ਬਾਅਦ ਕੰਪਨੀ ਵੱਲੋਂ 13500/-ਰੁ. ਮਹੀਨਾ ਅਤੇ ਕੁਝ ਹੋਰ ਸਹੂਲਤਾਂ ਵੀ ਦਿੱਤੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਦਸਵੀ ਅਤੇ ਬਾਰਵੀ ਜਮਾਤ ਵਿਚੋ 50% ਤੋਂ ਉਪਰ ਨੰਬਰ ਪ੍ਰਾਪਤ ਕਰਨ ਵਾਲੇ ਫਰੈਸ਼ਰ ਵਿਦਿਆਰਥੀ ਵੀ ਸ਼ਾਮਿਲ ਹੋ ਸਕਦੇ ਹਨ।ਜਿਨ੍ਹਾਂ ਦੀ ਚੋਣ ਫਿੱਟਰ ਅਤੇ ਪੇਂਟਰ ਟਰੇਡ ਲਈ ਕੀਤੀ ਜਾਵੇਗੀ। ਇਹ ਦੋ ਸਾਲ ਦਾ ਕੋਰਸ ਹੋਵੇਗਾ।ਪੇਂਡੂ ਅਤੇ ਅਰਧ ਸ਼ਹਿਰੀ ਖੇਤਰ ਦੇ ਨੌਜਵਾਨ ਭਾਗ ਲੈ ਸਕਦੇ ਹਨ।ਫਿਟਰ ਅਤੇ ਪੇਂਟਰ ਟਰੇਡ ਲਈ ਚੁਣੇ ਜਾਣ ਵਾਲੇ ਵਿਦਿਆਰਥੀਆਂ ਨੂੰ 13500/-ਰੁ. ਮਹੀਨਾ ਵਜੀਫਾ ਵੀ ਦਿੱਤਾ ਜਾਵੇਗਾ।ਜਿਲ੍ਹਾ ਗਾਈਡੈਂਸ ਕਾਉਂਸਲਰ ਸੁਖਬੀਰ ਸਿੰਘ ਕੰਗ ਨੇ ਕਿਹਾ ਕਿ ਇਸ ਪਲੇਸਮੈਂਟ ਕੈਂਪ ਵਿਚ ਸ਼ਾਮਿਲ ਹੋਣ ਵਾਲੇ ਵਿਦਿਆਰਥੀ ਆਪਣੀ ਇੱਕ ਫੋਟੋ, ਆਈ ਡੀ ਪਰੂਫ, ਅਸਲੀ ਸਰਟੀਫਿਕੇਟ ਨਾਲ ਲੈ ਕਿ ਸਮੇ ਸਿਰ ਸਰਕਾਰੀ ਆਈ.ਟੀ.ਆਈ. ਪੱਟੀ ਵਿਖੇ ਪਹੁਚਣ।